# ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ

ਭਾਰਤੀ ਰਿਜ਼ਰਵ ਬੈਂਕ ਅਧਿਨਿਯਮ, *1934* ਦੇ ਅਧਿਆਏ III ਵਿਚ ਦਿੱਤੀਆਂ ਸ਼ਕਤੀਆਂ ਦੇ ਅਨੁਸਾਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਵਿਨਿਯਮਨ ਅਤੇ ਸਰਵੇਖਣ ਦਾ ਕਾਰਜਭਾਰ ਭਾਰਤੀ ਰਿਜ਼ਰਵ ਬੈਂਕ ਨੂੰ ਸੌਂਪਿਆ ਗਿਆ ਹੈ। ਵਿਨਿਯਮਨ ਅਤੇ ਸਰਵੇਖਣ ਉਦੇਸ਼ ਇਸ ਪ੍ਰਕਾਰ ਹੈ :

ੳ) ਇਹ ਸੁਨਿਸਚਿਤ ਕਰਨਾ ਕਿ ਕੰਪਨੀਆਂ ਨੀਤੀਗਤ ਢਾਂਚੇ ਦੇ ਅੰਤਰਗਤ ਵਿੱਤੀ ਪ੍ਰਣਾਲੀ ਦੇ ਇਕ ਭਾਗ ਦੇ ਰੂਪ ਵਿਚ ਇਸ ਪ੍ਰਕਾਰ ਕੰਮ ਕਰਨ ਕਿ ਉਨ੍ਹਾਂ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਕਾਰਜ ਵਿੱਤੀ ਪ੍ਰਣਾਲੀ ਤੇ ਕੋਈ ਝਰੀਟ ਨਾ ਪਾਏ; ਅਤੇ ਇਹ ਕਿ

ਅ) ਭਾਰਤੀ ਰਿਜ਼ਰਵ ਬੈਂਕ ਦੁਆਰਾ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੀ ਕੀਤੀ ਜਾਣ ਵਾਲੀ ਨਿਗਰਾਨੀ ਅਤੇ ਸਰਵੇਖਣ ਦੀ ਗੁਣਵੱਤਾ ਵਿੱਤੀ ਪ੍ਰਣਾਲੀ ਦੇ ਇਸ ਖੇਤਰ ਵਿਚ ਹੋਣ ਵਾਲੀਆਂ ਗਤੀ-ਵਿੱਧੀਆਂ ਦੀ ਗਤੀ ਦੇ ਨਾਲ ਬਰਕਰਾਰ ਰਹੇ।

ਇਹ ਜ਼ਰੂਰੀ ਸਮਝਿਆ ਗਿਆ ਹੈ ਕਿ ਵਿਨਿਯਾਮਕ ਪਰਿਵਰਤਨਾਂ ਵਿਚ ਨਿਹਿਤ ਮੂਲਾਧਾਰ ਅਤੇ ਗ਼ੈਰ-ਬੈਂਕਿੰਗ ਕੰਪਨੀਆਂ, ਜਨਤਾ, ਰੇਟਿੰਗ ਏਜੰਸੀਆਂ ਅਤੇ ਸਨਦੀ ਲੇਖਾਕਾਰਾਂ, ਆਦਿ ਦੇ ਲਈ ਪਰਿਚਾਲਣ ਸਬੰਧੀ ਗੱਲਾਂ ਨੂੰ ਸਪੱਸ਼ਟ ਕੀਤਾ ਜਾਏ। ਇਸ ਜ਼ਰੂਰਤ ਨੂੰ ਪੂਰਾ ਕਰਨ ਦੇ ਲਈ ਭਾਰਤੀ ਰਿਜ਼ਰਵ ਬੈਂਕ (ਗ਼ੈਰ ਬੈਕਿੰਗ ਸਰਵੇਖਣ ਵਿਭਾਗ) ਇਸ ਮਨੋਰਥ ਨਾਲ ਕਿ ਇਸ ਨਾਲ ਵਿਨਿਯਾਮਕ ਢਾਚੇ ਨੂੰ ਸਮਝਣ ਵਿਚ ਮਦਦ ਮਿਲੇਗੀ, ਸਪੱਸ਼ਟੀਕਰਨ ਨੂੰ ਪ੍ਰਸ਼ਨ ਅਤੇ ਉਤਰ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ।

ਆਮ ਤੌਰ ਤੇ ਪੁੱਛੇ ਜਾਣ ਵਾਲੇ ਸਵਾਲਾਂ ਦੇ ਰੂਪ ਵਿਚ ਦਿੱਤੀ ਗਈ ਸੂਚਨਾ ਜਮ੍ਹਾਂਕਰਤਾਵਾਂ/ਜਨਤਾ ਦੇ ਲਾਭ ਲਈ ਕੇਵਲ ਸਮਝਣ ਲਈ ਹੈ ਅਤੇ ਇਹ ਭਾਰਤੀ ਰਿਜ਼ਰਵ ਬੈਂਕ ਵਲੋਂ ਗ਼ੈਰ-ਬੈਂਕਿੰਗ ਕੰਪਨੀਆਂ ਦੇ ਸਬੰਧ ਵਿਚ ਜਾਰੀ ਮੌਜੂਦਾ ਵਿਨਿਯਾਮਕ ਆਦੇਸ਼ਾਂ/ਨਿਰਦੇਸ਼ਾਂ ਦੀ ਜਗ੍ਹਾ ਨਹੀਂ ਲੈ ਰਹੇ ਹਨ।

(ਜੀ.ਐਸ. ਨਾਗੀ)

ਮੁੱਖ ਮਹਾਂਪ੍ਰਬੰਧਕ

*5* ਜੁਲਾਈ, *2005*

## ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਦੇ ਬਾਰੇ ਵਿਚ ਆਮ ਤੌਰ ਤੇ ਪੁੱਛੇ ਜਾਣ ਵਾਲੇ ਸਵਾਲ

**ਪ੍ਰ. *1* ਗ਼ੈਰ-ਬੈਂਕਿੰਗ ਕੰਪਨੀ(ਐਨਬੀਐਫ਼ਸੀ) ਕਿਸ ਨੂੰ ਕਹਿੰਦੇ ਹਨ ?**

**ਉਤਰ**: ਗ਼ੈਰ ਬੈਂਕਿੰਗ ਵਿੱਤੀ ਕੰਪਨੀ ਇਕ ਅਜਿਹੀ ਕੰਪਨੀ ਹੈ ਜੋ ਕੰਪਨੀ ਅਧਿਨਿਯਮ, *1956* ਦੇ ਅੰਤਰਗਤ ਰਜਿਸਟਰਡ ਹੈ ਅਤੇ ਜੋ ਉਧਾਰ ਅਤੇ ਲੋਨ ਦੇਣ, ਸ਼ੇਅਰਾਂ/ਸਟਾਕ/ਬਾਂਡਾਂ/ਡਿਬੈਂਚਰਾਂ/ਸਰਕਾਰ ਜਾਂ ਸਥਾਨਕ ਅਧਿਕਾਰੀਆਂ ਦੁਆਰਾ ਜਾਰੀ ਜ਼ਮਾਨਤਾ ਜਾਂ ਉਸੇ ਤਰ੍ਹਾਂ ਦੀ ਵਿਕਰੀਯੋਗ ਹੋਰ ਜ਼ਮਾਨਤਾ ਨੂੰ ਪ੍ਰਾਪਤ ਕਰਨ, ਪੱਟੇ ਤੇ ਦੇਣ, ਕਿਰਾਇਆ ਖ਼ਰੀਦ, ਬੀਮਾ ਕਾਰੋਬਾਰ, ਚਿੱਟ ਕਾਰੋਬਾਰ ਵਿਚ ਲਗੀਆਂ ਹੋਣ ਪਰੰਤੂ ਉਨ੍ਹਾਂ ਵਿਚ ਅਜਿਹੀ ਕੋਈ ਸੰਸਥਾ ਸ਼ਾਮਲ ਨਹੀਂ ਹੈ ਜਿਸ ਦਾ ਮੂਲ ਕਾਰੋਬਾਰ ਖੇਤੀਬਾੜੀ ਕਾਰਜ, ਉਦਯੋਗਿਕ ਗਤੀਵਿਧੀ, ਅਚੱਲ ਸੰਪਤੀ ਦੀ ਖ਼ਰੀਦ/ਵਿਕਰੀ/ਨਿਰਮਾਣ ਹੈ -- ਅਜਿਹੀ ਗ਼ੈਰ-ਬੈਂਕਿੰਗ ਸੰਸਥਾ ਜੋ ਇਕ ਕੰਪਨੀ ਹੈ ਅਤੇ ਜਿਸ ਦਾ ਮੂਲ/ਪ੍ਰਮੁੱਖ ਕਾਰੋਬਾਰ ਕਿਸੀ ਯੋਜਨਾ ਜਾਂ ਪ੍ਰਬੰਧ ਜਾਂ ਕਿਸੀ ਹੋਰ ਪ੍ਰਕਾਰ ਨਾਲ ਜਮ੍ਹਾਂ-ਰਾਸ਼ੀਆਂ ਪ੍ਰਾਪਤ ਕਰਨਾ ਹੈ ਜਾਂ ਕਿਸੀ ਪ੍ਰਕਾਰ ਨਾਲ ਉਧਾਰ ਦੇਣ ਦਾ ਕਾਰਜ ਕਰਦੀ ਹੈ ਉਹ ਵੀ ਇਕ ਗ਼ੈਰ-ਬੈਂਕਿੰਗ ਵਿੱਤੀ ਕੰਪਨੀ (ਬਾਕੀ ਗ਼ੈਰ-ਬੈਂਕਿੰਗ ਕੰਪਨੀ) ਹੈ।

**ਪ੍ਰ.*2* ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਬੈਂਕਾਂ ਦੇ ਸਮਾਨ ਕੰਮ ਕਰ ਰਹੀਆਂ ਹਨ। ਬੈਂਕਾਂ ਅਤੇ ਵਿੱਤੀ ਕੰਪਨੀਆਂ ਵਿਚ ਕੀ ਅੰਤਰ ਹੈ ?**

**ਉਤਰ**: ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਬੈਂਕਾਂ ਵਾਂਗ ਹੀ ਕੰਮ ਕਰਦੀਆਂ ਹਨ, ਫਿਰ ਵੀ ਇਨ੍ਹਾਂ ਵਿਚ ਹੇਠ-ਲਿਖੇ ਅਨੁਸਾਰ ਅੰਤਰ ਹੈ :-

(i) ਗ਼ੈਰ-ਬੈਂਕਿੰਗ ਵਿੱਤੀ ਕੰਪਨੀ ਮੰਗ ਤੇ ਦੇਣਯੋਗ ਜਮ੍ਹਾਂ ਰਾਸ਼ੀਆਂ ਸਵੀਕਾਰ ਨਹੀਂ ਕਰ ਸਕਦੀਆਂ।

(ii) ਗ਼ੈਰ-ਬੈਂਕਿੰਗ ਵਿੱਤੀ ਕੰਪਨੀ ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀ ਦਾ ਹਿੱਸਾ ਨਹੀਂ ਹਨ, ਇਸ ਲਈ ਉਹ ਅਪਣੇ ਗਾਹਕਾਂ ਨੂੰ ਚੈਕ ਜਾਰੀ ਨਹੀਂ ਕਰ ਸਕਦੀਆਂ ਅਤੇ

(iii) ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਦੇ ਜਮ੍ਹਾਂਕਰਤਾਵਾਂ ਨੂੰ, ਬੈਂਕਾਂ ਦੇ ਜਮ੍ਹਾਂਕਰਤਾਵਾਂ ਦੀ ਤਰ੍ਹਾਂ ਜਮ੍ਹਾਂ ਬੀਮਾ ਅਤੇ ਡੀਆਈਸੀਜੀਸੀ ਤੋਂ ਜਮ੍ਹਾਂ ਬੀਮਾ ਸੁਵਿਧਾ ਉਪਲਬਧ ਨਹੀਂ ਹੈ

**ਪ੍ਰ. 3 ਕੀ ਇਹ ਜ਼ਰੂਰੀ ਹੈ ਕਿ ਹਰੇਕ ਗ਼ੈਰ-ਬੈਂਕਿੰਗ ਵਿੱਤੀ ਕੰਪਨੀ ਭਾਰਤੀ ਰਿਜ਼ਰਵ ਬੈਂਕ ਦੇ ਕੋਲ ਰਜਿਸਟਰਡ ਹੋਣ ?**

ਉ. ਭਾਰਤੀ ਰਿਜ਼ਰਵ ਬੈਂਕ ਅਧਿਨਿਯਮ, 1934 ਦੀ ਧਾਰਾ 45-IA ਦੇ ਅੰਤਰਗਤ ਹਰੇਕ ਗ਼ੈਰ- ਬੈਂਕਿੰਗ ਵਿੱਤੀ ਕੰਪਨੀ ਨੂੰ, ਭਾਰਤੀ ਰਿਜ਼ਰਵ ਬੈਂਕ ਅਧਿਨਿਯਮ 1934 ਦੀ ਧਾਰਾ 45-ਆਈ ਦੇ ਖੰਡ (ੳ) ਵਿਚ ਪਹਿਲਾਂ ਪਰਿਭਾਸ਼ਤ ਗ਼ੈਰ-ਬੈਂਕਿੰਗ ਵਿੱਤੀ ਸੰਸਥਾ ਦਾ ਕੋਈ ਵੀ ਕਾਰੋਬਾਰ ਸ਼ੁਰੂ ਕਰਨ ਅਤੇ ਜਾਰੀ ਰੱਖਣ ਲਈ ਭਾਰਤੀ ਰਿਜ਼ਰਵ ਬੈਂਕ ਵਿਚ ਰਜਿਸਟਰਡ ਕਰਵਾਉਣਾ ਜ਼ਰੂਰੀ ਹੈ -

ਫਿਰ ਵੀ, ਦੋਹਰੇ ਵਿਨਿਯਮਨ ਤੋਂ ਬੱਚਣ ਲਈ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਦੇ ਕੁਝ ਵਰਗਾਂ ਜਿਵੇਂ -ਵੈਂਚਰ ਕੈਪੀਟਲ ਫ਼ੰਡ/ਮਰਚੈਂਟ ਬੈਂਕਿੰਗ ਕੰਪਨੀਆਂ/ਸੇਬੀ ਵਿਚ ਰਜਿਸਟਰਡ ਸਟਾਕ ਸਟਾਕ ਬ੍ਰੋਕਿੰਗ ਕੰਪਨੀਆਂ, ਬੀਮਾ ਵਿਨਿਯਾਮਕ ਅਤੇ ਆਈਆਰਡੀਏ ਵਲੋਂ ਜਾਰੀ ਕੀਤੇ ਗਏ ਵਾਜ਼ਬ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਰੱਖਣ ਵਾਲੀਆਂ ਬੀਮਾ ਕੰਪਨੀਆਂ, ਕੰਪਨੀ ਅਧਿਨਿਯਮ, 1956 ਦੀ ਧਾਰਾ 620 ਏ ਦੇ ਤਹਿਤ ਅਧਿਸੂਚਿਤ ਨਿੱਧੀ ਕੰਪਨੀਆਂ, ਚਿਟ ਫ਼ੰਡ ਅਧਿਨਿਯਮ, 1982 ਦੀ ਧਾਰਾ 2 ਦੇ ਖੰਡ (ਬੀ) ਦੇ ਅੰਤਰਗਤ ਪਰਿਭਾਸ਼ਤ ਚਿੱਟ ਕੰਪਨੀਆਂ ਅਤੇ ਰਾਸ਼ਟਰੀ ਨਿਵਾਸ ਬੈਂਕ ਵਲੋਂ ਵਿਨਿਯਮਿਤ ਨਿਵਾਸ ਵਿੱਤ ਕੰਪਨੀਆਂ ਨੂੰ ਭਾਰਤੀ ਰਿਜ਼ਰਵ ਬੈਂਕ ਕੋਲ ਰਜਿਬਟ੍ਰੇਸ਼ਨ ਕਰਵਾਉਣ ਤੋਂ ਛੋਟ ਦਿੱਤੀ ਗਈ ਹੈ -

ਪ੍ਰ. 4 ਭਾਰਤੀ ਰਿਜ਼ਰਵ ਬੈਂਕ ਕੋਲ ਰਜਿਸਟਰਡ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਕਿਸ ਤਰ੍ਹਾਂ ਦੀਆਂ ਹਨ ?

ਉ. ਭਾਰਤੀ ਰਿਜ਼ਰਵ ਬੈਂਕ ਕੋਲ ਰਜਿਸਟਰਡ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਨਿਮਨ-ਪ੍ਰਕਾਰ ਦੀਆਂ ਹਨ:

(i) ਉਪਕਰਣ ਪੱਟੇਦਾਰੀ ਕੰਪਨੀ

(ii) ਕਿਰਾਇਆ ਖ਼ਰੀਦ ਕੰਪਨੀ

(iii) ਉਧਾਰ ਕੰਪਨੀ

(iv) ਨਿਵੇਸ਼ ਕੰਪਨੀ

ਉਪਰੋਕਤ ਕੰਪਨੀਆਂ ਨੂੰ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਵਾਲੀਆਂ ਅਤੇ ਜਮ੍ਹਾਂ ਰਾਸ਼ੀਆਂ ਸਵੀਕਾਰ ਨਾ ਕਰਨ ਵਾਲੀਆਂ ਕੰਪਨੀਆਂ ਵਿਚ ਵੀ ਵਰਗੀਕ੍ਰਿਤ ਜਾ ਸਕਦਾ ਹੈ -

(v) ਬਾਕੀ-ਬੱਚੀ ਗ਼ੈਰ-ਬੈਂਕਿੰਗ ਕੰਪਨੀ

ਪ੍ਰ. 5 ਭਾਰਤੀ ਰਿਜ਼ਰਵ ਬੈਂਕ ਕੋਲ ਰਜਿਸਟਰਡ ਹੋਣ ਲਈ ਕੀ-ਕੀ ਜ਼ਰੂਰੀ ਹੈ ?

ਉ. ਕੰਪਨੀ ਅਧਿਨਿਯਮ, 1956 ਦੇ ਅੰਤਰਗਤ ਗਠਿਤ ਅਤੇ ਭਾਰਤੀ ਰਿਜ਼ਰਵ ਬੈਂਕ ਅਧਿਨਿਯਮ, 1934 ਦੀ ਧਾਰਾ 45-II (ਏ) ਵਿਚ ਪਹਿਲਾਂ ਪਰਿਭਾਸ਼ਤ ਗ਼ੈਰ-ਬੈਂਕਿੰਗ ਵਿੱਤੀ ਸੰਸਥਾ ਦਾ ਕਾਰੋਬਾਰ ਸ਼ੁਰੂ ਕਰਨ ਦੀ ਇਛੁੱਕ ਕੰਪਨੀ ਕੋਲ ਘਟੋ ਘਟ 25 ਲੱਖ ਰੁਪਏ (ਜਿਸ ਨੂੰ 21.4.1999 ਤੋਂ ਵਧਾ ਕੇ 200 ਲੱਖ ਰੁਪਏ ਕਰ ਦਿੱਤਾ ਗਿਆ ਹੈ) ਆਪਣੇ ਅਧੀਨ ਕੁਲ ਨਿੱਧੀ ਹੋਣੀ ਚਾਹੀਦੀ ਹੈ। ਕੰਪਨੀ ਤੋਂ ਲੋੜੀਂਦਾ ਹੈ ਕਿ ਉਹ ਰਜਿਸਟ੍ਰੇਸ਼ਨ ਲਈ ਅਪਣਾ ਬੇਨਤੀ ਪੱਤਰ ਨਿਸ਼ਚਿਤ ਫ਼ਾਰਮੈਟ ਵਿਚ ਜ਼ਰੂਰੀ ਦਸਤਾਵੇਜ਼ਾਂ ਨਾਲ ਰਿਜ਼ਰਵ ਬੈਂਕ ਦੇ ਵਿਚਾਰ ਅਧੀਨ ਪੇਸ਼ ਕਰੇ। ਭਾਰਤੀ ਰਿਜ਼ਰਵ ਬੈਂਕ ਅਧਿਨਿਯਮ, 1934 ਦੀ ਧਾਰਾ 45 IA ਵਿਚ ਦਰਸਾਈਆਂ ਸ਼ਰਤਾਂ ਦੇ ਪੂਰਾ ਹੋਣ ਤੇ ਰਿਜ਼ਰਵ ਬੈਂਕ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਜਾਰੀ ਕਰਦਾ ਹੈ।

ਪ੍ਰ. 6 ਰਜਿਸਟਰਡ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਦੀ ਸੂਚੀ ਅਤੇ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਨੂੰ ਜਾਰੀ ਕੀਤੇ ਗਏ ਆਦੇਸ਼ਾਂ ਦੀ ਜਾਣਕਾਰੀ ਕਿਥੋਂ ਮਿਲ ਸਕਦੀ ਹੈ ?

ਉ. ਰਜਿਸਟਰਡ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੀ ਸੂਚੀ ਭਾਰਤੀ ਰਿਜ਼ਰਵ ਬੈਂਕ ਦੀ ਅਧਿਕਾਰਤ ਵੈਬਸਾਈਟ www.rbi.org.in. ਤੇ ਉਪਲਬਧ ਹੈ ਅਤੇ ਇਹ ਉਤੇ ਦੇਖੀ ਜਾ ਸਕਦੀ ਹੈ - ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਨੂੰ ਸਮੇਂ ਸਮੇਂ ਤੇ ਜਾਰੀ ਕੀਤੇ ਗਏ ਆਦੇਸ਼ ਵੀ ਇਸੇ ਸਾਈਟ ਤੇ ਉਪਲਬਧ ਹਨ - ਇਸ ਤੋਂ ਵੱਧ ਉਕਤ ਆਦੇਸ਼ ਸਰਕਾਰੀ ਗ਼ਜ਼ਟ ਵਿਚ ਵੀ ਜਾਰੀ ਕੀਤੇ ਜਾਂਦੇ ਹਨ - ਜਨਤਾ ਅਤੇ ਗ਼ੈਰ ਬੈਂਕਿੰਗ ਕੰਪਨੀਆਂ ਦੇ ਧਿਆਨ ਵਿਚ ਲਿਆਉਣ ਲਈ ਪ੍ਰੈਸ ਨੋਟ ਵੀ ਜਾਰੀ ਕੀਤੇ ਜਾਂਦੇ ਹਨ।

ਪ੍ਰ. 7 ਕੀ ਸਾਰੀਆਂ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਜਮ੍ਹਾਂ ਰਾਸ਼ੀਆਂ ਸਵੀਕਾਰ ਸਕਦੀਆਂ ਹਨ ਅਤੇ ਜਨਤਾ ਦੀਆਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਲਈ ਕੀ-ਕੀ ਜ਼ਰੂਰੀ ਹੈ ?

ਉ. ਸਾਰੀਆਂ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਲਈ ਯੋਗ ਨਹੀਂ ਹਨ - ਕੇਵਲ ਉਹ ਬੈਂਕਿੰਗ ਕੰਪਨੀਆਂ, ਜਿਨ੍ਹਾਂ ਕੋਲ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਦੇ ਅਧਿਕਾਰ ਵਾਲਾ ਵਾਜ਼ਬ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਹੈ, ਉਹ ਹੀ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰ/ਰੱਖ ਸਕਦੀਆਂ ਹਨ - ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਵਾਲੀਆਂ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਕੋਲ ਰਿਜ਼ਰਵ ਬੈਂਕ ਵਲੋਂ ਦਸੇ ਅਨੁਸਾਰ ਘਟੋ ਘਟੋ ਆਪਣੇ ਅਧੀਨ ਕੁਲ ਨਿੱਧੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਦੁਆਰਾ ਰਿਜ਼ਰਵ ਬੈਂਕ ਦੁਆਰਾ ਜਾਰੀ ਆਦੇਸ਼ਾਂ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ ।

ਪ੍ਰ. 8 ਕੀ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਦੀ ਕੋਈ ਵੱਧ ਤੋਂ ਵੱਧ ਸੀਮਾ ਨਿਸ਼ਚਿਤ ਕੀਤੀ ਗਈ ਹੈ । ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਵਲੋਂ ਸਵੀਕਾਰ ਕੀਤੀਆਂ ਜਾਣ ਵਾਲੀਆਂ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰ ਅਤੇ ਜਮ੍ਹਾਂ-ਮਿਆਦ ਕੀ ਹੋਵੇਗੀ ?

ਉ. ਹਾਂ, ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਦੀ ਵੱਧ ਤੋਂ ਵੱਧ ਸੀਮਾ ਨਿਸ਼ਚਿਤ ਹੈ । ਲੋੜ ਅਨੁਸਾਰ ਆਪਣੇ ਅਧੀਨ ਕੁਲ ਨਿੱਧੀ/ਸੀਆਰਏਆਰ ਦੀ ਤੁਲਨਾ ਵਿਚ ਪੂੰਜੀ ਅਨੁਪਾਤ ਰੱਖਣ ਵਾਲੀਆਂ, ਸਾਰੀਆਂ ਵਿਵੇਕਪੂਰਣ ਮਾਨਦੰਡ ਅਪਣਾਉਣ ਵਾਲੀਆਂ ਗ਼ੈਰ-ਬੈਂਕਿੰਗ ਕੰਪਨੀਆਂ ਹੇਠ-ਲਿਖੇ ਅਨੁਸਾਰ ਜਮ੍ਹਾਂ ਰਾਸ਼ੀਆਂ ਸਵੀਕਾਰ ਕਰ ਸਕਦੀਆਂ ਹਨ :

| ਗ਼ੈਰ-ਬੈਂਕਿੰਗ ਵਿੱਤੀ ਕੰਪਨੀ ਦਾ ਵਰਗ | ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਦੀ ਵੱਧ ਤੋਂ ਵੱਧ ਸੀਮਾ |
|---|---|
| ਬਿਨਾਂ ਸਾਖ਼ ਦਰ ਨਿਰਧਾਰਨ ਵਾਲੀ ਸੀਆਰਏਆਰ ਦੀ ਤੁਲਨਾ ਵਿਚ 15% ਪੂੰਜੀ ਅਨੁਪਾਤ ਰੱਖਣ ਵਾਲੀਆਂ ਈਐਲ/ਐਚਪੀ ਕੰਪਨੀ | ਆਪਣੇ ਅਧੀਨ ਨਿੱਧੀ ਦਾ 1.5 ਗੁਣਾ ਜਾਂ 10 ਕਰੋੜ ਰੁਪਏ ਵਿਚੋ ਜੋ ਵੀ ਘਟ ਹੋਵੇ । |
| ਸੀਆਰਏਆਰ ਦੀ ਤੁਲਨਾ ਵਿਚ 12% ਪੂੰਜੀ ਅਨੁਪਾਤ ਰੱਖਣ ਵਾਲੀ ਅਤੇ ਘਟੋ ਘਟ ਨਿਵੇਸ਼ ਸ਼੍ਰੇਣੀ ਦਾ ਸਾਖ ਨਿਰਧਾਰਣ ਰੱਖਣ ਵਾਲੀ ਈਐਲਐਚਪੀ ਕੰਪਨੀ | ਆਪਣੇ ਅਧੀਨ ਨਿੱਧੀ ਦਾ 4 ਗੁਣਾ |
| ਸੀਆਰਏਆਰ ਦੀ ਤੁਲਨਾ ਵਿਚ 15% ਪੂੰਜੀ | ਆਪਣੇ ਅਧੀਨ ਨਿੱਧੀ ਦਾ 1.5 ਗੁਣਾ |

| | |
|---|---|
| ਅਨੁਪਾਤ ਰੱਖਣ ਵਾਲੀ ਅਤੇ ਘਟੋ ਘਟ ਨਿਵੇਸ਼ ਸ੍ਰੇਣੀ ਦਾ ਸਾਖ਼ ਨਿਰਧਾਰਣ ਰੱਖਣ ਵਾਲੀ ਐਲਸੀ/ਆਈਸੀ ਕੰਪਨੀ | |

ਮੌਜੂਦਾ ਸਮੇਂ ਵਿਚ ਕੋਈ ਗ਼ੈਰ ਬੈਂਕਿੰਗ ਕੰਪਨੀਆਂ ਵੱਧ ਤੋਂ ਵੱਧ 11% ਦੀ ਨਾਲ ਵਿਆਜ ਦੇ ਸਕਦੀ ਹੈ - ਵਿਆਜ ਦਾ ਭੁਗਤਾਨ ਅਤੇ ਉਸ ਦੀ ਹਿਸਾਬ ਮਾਸਕ ਸਮੇਂ ਤੋਂ ਘਟ ਸਮੇਂ ਲਈ ਨਹੀਂ ਕੀਤਾ ਜਾ ਸਕਦਾ - ਗ਼ੈਰ ਬੈਂਕਿੰਗ ਕੰਪਨੀਆਂ ਨੂੰ ਘਟ ਤੋਂ ਘਟ 12 ਮਹੀਨੇ ਦੇ ਸਮੇਂ ਲਈ ਅਤੇ ਵੱਧ ਤੋਂ ਵੱਧ 60 ਮਹੀਨਿਆਂ ਦੇ ਸਮੇਂ ਲਈ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ/ਨਵਿਆਉਣ ਦੀ ਇਜਾਜ਼ਤ ਦਿੱਤੀ ਗਈ ਹੈ - ਉਹ ਮੰਗ ਤੇ ਦੇਣਯੋਗ ਜਮ੍ਹਾਂ ਰਾਸ਼ੀਆਂ ਸਵੀਕਾਰ ਨਹੀਂ ਕਰ ਸਕਦੀਆਂ ਹਨ। ਬਾਕੀ ਬੱਚੀਆਂ ਗ਼ੈਰ ਬੈਂਕਿੰਗ ਕੰਪਨੀਆਂ ਵਲੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕੀਤੇ ਜਾਣ ਲਈ ਮਾਨਦੰਡ ਵਖ ਹੈਂ ਇਸ ਪੁਸਤਿਕਾ ਵਿਚ ਹੋਰ ਜਗ੍ਹਾ ਸਪੱਸ਼ਟ ਕੀਤੇ ਗਏ ਹਨ -

ਪ੍ਰ. 9 ਗ਼ੈਰ ਬੈਂਕਿੰਗ ਵਿੱਤੀ ਕੰਪਨੀ ਵਿਚ ਨਿਵੇਸ਼ ਕਰਦੇ ਸਮੇਂ ਜਮ੍ਹਾਂਕਰਤਾ ਨੂੰ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਵਿਨਿਯਮਨ ਦੇ ਸਬੰਧ ਵਿਚ ਕੀ ਕੀ ਮੁੱਖ ਵਿਸ਼ੇਸ਼ਤਾਵਾਂ ਨੋਟ ਕਰ ਲੈਣੀਆਂ ਚਾਹੀਦੀਆਂ ਹਨ ?

ਉ. ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਵਲੋਂ ਜਮ੍ਹਾਂ ਰਾਸ਼ੀਆਂ ਸਵੀਕਾਰਨ ਕਰਨ ਨਾਲ ਸਬੰਧਤ ਕੁਝ ਮਹੱਤਵਪੂਰਣ ਵਿਨਿਯਮਨ ਇਸ ਤਰ੍ਹਾਂ ਹਨ :

(i) ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਨੂੰ ਘਟੋ ਘਟ 12 ਮਹੀਨੇ ਦੀ ਮਿਆਦ ਅਤੇ ਵੱਧ ਤੋਂ ਵੱਧ 60 ਮਹੀਨੇ ਦੀ ਮਿਆਦ ਲਈ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ/ਨਵਿਆਉਣ ਦੀ ਇਜਾਜ਼ਤ ਹੈ - ਇਹ ਮੰਗ ਤੇ ਦੇਣਯੋਗ ਜਮ੍ਹਾਂ ਰਾਸ਼ੀਆਂ ਸਵੀਕਾਰ ਨਹੀਂ ਕਰ ਸਕਦੀਆਂ।

(ii) ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਭਾਰਤੀ ਰਿਜ਼ਰਵ ਬੈਂਕ ਵਲੋਂ ਸਮੇਂ ਸਮੇਂ ਤੇ ਨਿਰਧਾਰਿਤ ਦੀ ਗਈ ਵੱਧ ਤੋਂ ਵੱਧ ਦਰ ਤੋਂ ਜ਼ਿਆਦਾ ਵਿਆਜ਼ ਨਹੀਂ ਦੇ ਸਕਦੀ। ਮੌਜੂਦਾ ਸਮੇਂ ਵਿਚ ਵੱਧ ਤੋਂ ਵੱਧ ਸੀਮਾ 11% ਸਾਲਾਨਾ ਹੈ - ਵਿਆਜ ਦਾ ਭੁਗਤਾਨ ਅਤੇ ਹਿਸਾਬ ਘਟ ਤੋਂ ਘਟ ਇਕ ਮਹੀਨੇ ਦੇ ਸਮੇਂ ਅੰਤਰ ਤੇ ਹੀ ਕੀਤਾ ਜਾ ਸਕਦਾ ਹੈ -

(iii) ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਜਮ੍ਹਾਂਕਰਤਾਵਾਂ ਨੂੰ ਉਪਹਾਰ/ਉਤਸ਼ਾਹ ਰਕਮ ਜਾਂ ਹੋਰ ਕੋਈ ਸੁਵਿਧਾ ਨਹੀਂ ਦੇ ਸਕਦੀਆਂ ਹਨ।

(iv) ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ (ਕੁਝ ਉਪਕਰਣ ਲੀਜ਼ਿੰਗ/ਕਿਰਾਇਆ ਖ਼ਰੀਦ ਵਿੱਤੀ ਕੰਪਨੀਆਂ ਨੂੰ ਛੱਡ ਕੇ) ਨੂੰ ਘਟੋ ਘਟ ਨਿਵੇਸ਼ ਸ਼੍ਰੇਣੀ ਦਾ ਸਾਖ਼ ਨਿਰਧਾਰਣ ਪ੍ਰਾਪਤ ਹੋਵੇ -

(v) ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਕੋਲ ਜਮ੍ਹਾਂ ਕੀਤੀਆਂ ਗਈਆਂ ਰਾਸ਼ੀਆਂ ਦਾ ਬੀਮਾ ਨਹੀਂ ਹੁੰਦਾ ਹੈ -

(vi) ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੁਆਰਾ ਜਮ੍ਹਾਂ ਰਾਸ਼ੀਆਂ ਨੂੰ ਚੁਕਾਉਣਾ ਭਾਰਤੀ ਰਿਜ਼ਰਵ ਬੈਂਕ ਵਲੋਂ ਗਰੰਟੀਸ਼ੁਧਾ ਨਹੀਂ ਹੈ ।

(vii) ਜਮ੍ਹਾਂ ਰਾਸ਼ੀਆਂ ਗ੍ਰਹਿਣ ਕਰਨ ਵਾਲੀ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਵਲੋਂ ਜਾਰੀ ਬੇਨਤੀ ਪੱਤਰ ਵਿਚ ਉਸ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਨਾਲ ਸਬੰਧਤ ਕੁਝ ਜ਼ਰੂਰੀ ਗੱਲਾਂ ਪ੍ਰਗਟ ਹੁੰਦੀਆਂ ਹਨ (ਗੱਲਾਂ ਨੂੰ ਪ੍ਰਗਟ ਕੀਤਾ ਗਿਆ ਹੁੰਦਾ ਹੈ) -

ਪ੍ਰ.10 ਜਮ੍ਹਾਂ ਰਾਸ਼ੀ ਅਤੇ ਜਨਤਾ ਦੀ ਜਮ੍ਹਾਂ ਰਾਸ਼ੀ ਕੀ ਹੈ ? ਕੀ ਇਸ ਦੀ ਕਿਸੇ ਪਰਿਭਾਸ਼ਾ ਦਿੱਤੀ ਗਈ ਹੈ ?

ੳ. ਭਾਰਤੀ ਰਿਜ਼ਰਵ ਬੈਂਕ ਅਧਿਨਿਯਮ, 1934 ਦੀ ਧਾਰਾ 45 II(ਬੀ.ਬੀ) ਵਿਚ ਜਮ੍ਹਾਂ ਰਾਸ਼ੀ ਸ਼ਬਦ ਦੀ ਪਰਿਭਾਸ਼ਾ ਦਿੱਤੀ ਗਈ ਹੈ । ਜਮ੍ਹਾਂ ਰਾਸ਼ੀ ਵਿਚ ਜਮ੍ਹਾਂ ਜਾਂ ਉਧਾਰ ਜਾਂ ਕਿਸੀ ਧਨ ਦੀ ਪ੍ਰਾਪਤੀ ਸ਼ਾਮਲ ਹੈ ਅਤੇ ਆਪਣੇ ਆਪ ਸ਼ਾਮਲ ਮਨੀ ਜਾਵੇਗੀ ਪਰੰਤੂ ਇਸ ਵਿਚ ਹੇਠ-ਲਿਖੀ ਸ਼ਾਮਲ ਨਹੀਂ ਹੋਵੇਗੀ :

- ਸ਼ੇਅਰ ਪੂੰਜੀ ਦੇ ਰੂਪ ਵਿਚ ਇਕੱਠੀ ਕੀਤੀ ਰਕਮ, ਜਾਂ ਫ਼ਰਮ ਦੇ ਭਾਈਵਾਲਾਂ ਵਲੋਂ ਪੂੰਜੀ ਲਈ ਕੀਤਾ ਗਿਆ ਅੰਸ਼ਦਾਨ ;
- ਅਨੁਸੂਚਿਤ ਬੈਂਕ, ਸਹਿਕਾਰੀ ਬੈਂਕ, ਬੈਂਕਿੰਗ ਕੰਪਨੀ, ਰਾਜ ਵਿੱਤ ਨਿਗਮ, ਭਾਰਤੀ ਉਦਯੋਗਿਕ ਵਿਕਾਸ ਬੈਂਕ ਅਤੇ ਭਾਰਤੀ ਰਿਜ਼ਰਵ ਬੈਂਕ ਵਲੋਂ ਦਰਸਾਈ ਕੋਈ ਹੋਰ ਸੰਸਥਾ ਤੋਂ ਪ੍ਰਾਪਤ ਰਾਸ਼ੀ ;
- ਆਮ ਕਾਰੋਬਾਰ ਦੌਰਾਨ ਜ਼ਮਾਨਤ ਜਮ੍ਹਾਂ ਰਾਸ਼ੀ, ਡੀਲਰਸ਼ਿਪ ਜਮ੍ਹਾਂ, ਬਿਆਨਾ, ਮਾਲ, ਸੰਪੱਤੀ ਅਤੇ ਸੇਵਾਵਾਂ ਦੇ ਹੁਕਮਾਂ ਤੇ ਜ਼ਮਾਨਤ ਦੇ ਰੂਪ ਵਿਚ ਪ੍ਰਾਪਤ ਹੋਈ ਜ਼ਮਾਨਤੀ ਰਾਸ਼ੀ ;
- ਨਿਗਮੀ ਸੰਸਥਾ ਤੋਂ ਰਜਿਸਟਰਡ ਧਨ ਉਧਾਰ ਦੇਣ ਵਾਲੇ ਤੋਂ ਪ੍ਰਾਪਤ ਰਕਮ ;
- ਚਿੱਟ ਸਬੰਧੀ ਅੰਸ਼ਦਾਨ ਦੇ ਰੂਪ ਵਿਚ ਪ੍ਰਾਪਤ ਰਕਮ ;

ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਨੂੰ ਸਵੀਕਾਰਣ(ਰਿਜ਼ਰਵ ਬੈਂਕ) ਨਿਯਮ, *1998* ਦੇ ਪੈਰਾ 2(*1*)(xii) ਵਿਚ ਜਨਤਾ ਦੀਆਂ ਜਮ੍ਹਾਂ ਰਾਸ਼ੀਆਂ ਨੂੰ ਭਾਰਤੀ ਰਿਜ਼ਰਵ ਬੈਂਕ ਅਧਿਨਿਯਮ, *1934* ਦੀ ਧਾਰਾ *45* I(ਬੀ.ਬੀ) ਦੇ ਅੰਤਰਗਤ ਪਰਿਭਾਸ਼ਤ ਜਮ੍ਹਾਂ ਰਾਸ਼ੀ, ਜਿਸ ਵਿਚ ਹੇਠ-ਲਿਖਿਆ ਸ਼ਾਮਲ ਨਹੀਂ ਕੀਤਾ ਗਿਆ ਹੋਵੇ, ਦੇ ਰੂਪ ਵਿਚ ਪਰਿਭਾਸ਼ਤ ਕੀਤਾ ਗਿਆ ਹੈ -

- ਕੇਂਦਰ/ਰਾਜ ਸਰਕਾਰ ਜਾਂ ਹੋਰ ਕਿਸੇ ਸਾਧਨ ਤੋਂ ਪ੍ਰਾਪਤ ਹੋਈ ਰਾਸ਼ੀ ਜਿਥੇ ਕੇਂਦਰ/ਰਾਜ ਸਰਕਾਰ ਦੁਆਰਾ ਚੁਕਾਉਣ ਦੀ ਗਰੰਟੀ ਦਿੱਤੀ ਗਈ ਹੋਵੇ ਜਾਂ ਸਥਾਨਕ ਸੰਸਥਾ ਜਾਂ ਬਦੇਸ਼ੀ ਸਰਕਾਰ ਜਾਂ ਕਿਸੀ ਬਦੇਸ਼ੀ ਨਾਗਰਿਕ/ਅਧਿਕਾਰੀ/ਵਿਅਕਤੀ ਤੋਂ ਪ੍ਰਾਪਤ ਕੋਈ ਰਾਸ਼ੀ;
- ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕੋਈ ਰਾਸ਼ੀ ;
- ਹੋਰ ਕੰਪਨੀ ਤੋਂ ਅੰਤਰ ਕੰਪਨੀ ਜਮ੍ਹਾਂ ਰਾਸ਼ੀ ਦੇ ਰੂਪ ਵਿਚ ਪ੍ਰਾਪਤ ਰਾਸ਼ੀ ;
- ਅਲਾਟਮੈਂਟ ਦੇ ਲਈ ਵਿਚਾਰਧੀਨ/ਪੈਂਡਿੰਗ ਸ਼ਅਰਾਂ/ਸਟਾਕ/ਬਾਂਡ ਜਾਂ ਉਧਾਰਪਾਤਰਾਂ ਵਿਚ ਅੰਸ਼ਦਾਨ ਦੇ ਰੂਪ ਵਿਚ ਪ੍ਰਾਪਤ ਰਾਸ਼ੀ ਜਾਂ ਮੰਗ ਦੇ ਲਈ ਨਗਦ ਦੇ ਰੂਪ ਵਿਚ ਪ੍ਰਾਪਤ ਰਾਸ਼ੀ ਬਸ਼ਰਤੇ ਅਜਿਹੀ ਰਾਸ਼ੀ ਕੰਪਨੀ ਦੇ ਅੰਤਰਨਿਯਮਾਂ ਦੇ ਅੰਤਰਗਤ ਮੈਂਬਰਾਂ ਨੂੰ ਚੁਕਾਈ ਨਾ ਜਾਣੀ ਹੋਵੇ;
- ਨਿੱਜੀ ਕੰਪਨੀ ਦੁਆਰਾ ਅੰਸ਼ਧਾਰਕਾਂ ਤੋਂ ਪ੍ਰਾਪਤ ਰਾਸ਼ੀ;
- ਕਿਸੀ ਗੈਰ ਬੈਂਕਿੰਗ ਵਿੱਤੀ ਕੰਪਨੀ ਦੇ ਨਿਦੇਸ਼ਕ ਅਤੇ ਨਿਦੇਸ਼ਕ ਦੇ ਰਿਸ਼ਤੇਦਾਰ ਤੋਂ ਪ੍ਰਾਪਤ ਰਾਸ਼ੀ ;
- ਸ਼ਰਤਾਂ ਦੇ ਅੰਤਰਗਤ ਕੰਪਨੀ ਦੀ ਅਚੱਲ ਸੰਪਤੀ ਜਾਂ ਹੋਰ ਪਰਿਸੰਪਤੀ ਨੂੰ ਗਿਰਵੀਂ ਰੱਖ ਕੇ ਜ਼ਮਾਨਤੀ ਬਾਂਡ ਜਾਂ ਉਧਾਰ ਪੱਤਰ ਜਾਰੀ ਕਰਕੇ ਉਗਰਾਹੀ ਗਈ ਰਾਸ਼ੀ;
- ਪਰਿਵਰਤਕਾਂ ਵਲੋਂ ਗੈਰ ਜ਼ਮਾਨਤੀ ਉਧਾਰ ਦੇ ਰੂਪ ਵਿਚ ਲਾਈ ਗਈ ਰਾਸ਼ੀ;
- ਕਿਸੀ ਮਿਊਚਲ ਫੰਡ ਤੋਂ ਪ੍ਰਾਪਤ ਰਾਸ਼ੀ;
- ਮਿਸ਼ਰਤ ਉਧਾਰ ਜਾਂ ਗੌਣ ਉਧਾਰ ਦੇ ਰੂਪ ਵਿਚ ਪ੍ਰਾਪਤ ਕੋਈ ਰਾਸ਼ੀ;
- ਵਪਾਰਕ ਪੱਤਰ (ਕਮਰਸ਼ੀਅਲ ਪੇਪਰ) ਜਾਰੀ ਕਰਕੇ ਪ੍ਰਾਪਤ ਕੋਈ ਰਾਸ਼ੀ;

ਇਸ ਪ੍ਰਕਾਰ ਉਕਤ ਆਦੇਸ਼ਾਂ ਵਿਚ ਜਨਤਾ ਦੀ ਜਮ੍ਹਾਂ ਦੀ ਰਾਸ਼ੀ ਦੀ ਪਰਿਭਾਸ਼ਾ ਵਿਚੋਂ ਉਨ੍ਹਾਂ ਉਧਾਰ ਦੇਣ ਵਾਲਿਆਂ ਦੀ ਸਥਿਰ ਸ਼੍ਰੇਣੀ ਤੋਂ ਉਗਰਾਹੀ ਗਈ ਰਾਸ਼ੀ ਨੂੰ ਬਾਹਰ ਰੱਖਣ ਦੀ ਕੋਸ਼ਿਸ ਕੀਤੀ ਗਈ ਹੈ ਜੋ ਆਪ ਫੈਸਲਾ ਲੈ ਸਕਦੇ ਹਨ।

ਪ੍ਰ.11 ਕੀ ਜ਼ਮਾਨਤੀ ਰਿਣ ਪੱਤਰਾਂ ਨੂੰ ਜਨਤਾ ਦੀ ਜਮ੍ਹਾਂ ਰਾਸ਼ੀ ਮੰਨਿਆ ਜਾਂਦਾ ਹੈ ? ਜੇ ਕਰ ਨਹੀਂ ਤਾਂ ਉਨ੍ਹਾਂ ਦਾ ਵਿਨਿਯਮਨ ਕੌਣ ਕਰਦਾ ਹੈ ?

ਉ ਕੰਪਨੀ ਦੀ ਕਿਸੀ ਅਚੱਲ ਸੰਪਤੀ ਜਾਂ ਹੋਰ ਸੰਪਤੀ ਨੂੰ ਗਿਰਵੀ ਰੱਖ ਕੇ ਉਧਾਰ ਪੱਤਰ ਦੀ ਰਾਸ਼ੀ ਦੀ ਪ੍ਰਾਪਤੀ ਕੀਤੀ ਗਈ ਹੋਵੇ ਅਤੇ ਉਗਰਾਹੀ ਗਈ ਰਾਸ਼ੀ ਸੰਪਤੀ/ਪਰਿਸੰਪਤੀ ਦੇ ਬਾਜ਼ਾਰ ਮੁੱਲ ਤੋਂ ਵੱਧ ਨਾ ਹੋਵੇ ਤਾਂ ਉਸ ਨੂੰ ਗੈਰਬੈਂਕਿੰਗ ਵਿੱਤੀ ਕੰਪਨੀਆਂ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰਨ (ਭਾਰਤੀ ਰਿਜ਼ਰਵ ਬੈਂਕ ) ਨਿਦੇਸ਼, 1998 ਅਨੁਸਾਰ ਜਨਤਾ ਦੀ ਜਮ੍ਹਾਂ ਰਾਸ਼ੀ ਦੀ ਪਰਿਭਾਸ਼ਾ ਵਿਚ ਸ਼ਾਮਲ ਨਹੀਂ ਹੋਵੇਗੀ। ਜ਼ਮਾਨਤੀ ਉਧਾਰ ਪੱਤਰ ਉਧਾਰ ਲਿਖਤ ਹਨ ਅਤੇ ਭਾਰਤੀ ਸਿਕਿਉਰਿਟੀ ਅਤੇ ਵਿਨਿਯਮ ਬੋਰਡ ਦੁਆਰਾ ਉਨ੍ਹਾਂ ਦਾ ਵਿਨਿਯਮਨ ਕੀਤਾ ਜਾਂਦਾ ਹੈ।

ਪ੍ਰ.12 ਕੀ ਗੈਰ ਬੈਂਕਿੰਗ ਵਿਤੀ ਕੰਪਨੀਆਂ ਪਰਵਾਸੀ ਭਾਰਤੀਆਂ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰ ਸਕਦੀਆਂ ਹਨ ?

ਉ 24 ਅਪ੍ਰੈਲ, 2006 ਤੋਂ ਗੈਰ ਬੈਂਕਿੰਗ ਵਿੱਤੀ ਕੰਪਨੀਆਂ ਪਰਵਾਸੀਆਂ ਭਾਰਤੀਆਂ ਦੇ ਪਰਵਾਸੀ ਆਮ ਖ਼ਾਤੇ ਨੂੰ ਨਾਮੇ ਕਰਕੇ ਜਮ੍ਹਾਂ ਰਾਸ਼ੀ ਪ੍ਰਾਪਤ ਕਰਨ, ਬਸ਼ਰਤੇ ਉਹ ਰਾਸ਼ੀ ਪਰਵਾਸੀ ਐਨਆਰਈ/ਬਦੇਸ਼ੀ ਮੁੱਦਰਾ ਪਰਵਾਸੀ (ਬੈਂਕ) ਖ਼ਾਤੇ ਤੋਂ ਪ੍ਰੇਸ਼ਣ ਜਾਂ ਤਬਦੀਲੀ ਨਾ ਹੋਵੇ, ਨੂੰ ਛੱਡ ਕੇ ਪਰਵਾਸੀ ਜਮ੍ਹਾਂ ਰਾਸ਼ੀਆਂ ਸਵੀਕਾਰ ਨਹੀਂ ਕਰ ਸਕਦੀਆਂ ਹਨ। ਫਿਰ ਵੀ, ਮੌਜੂਦਾ ਪਰਵਾਸੀ ਜਮ੍ਹਾਂ ਰਾਸ਼ੀਆਂ ਨੂੰ ਨਵਿਆਇਆ ਜਾ ਸਕਦਾ ਹੈ।

ਪ੍ਰ. 13 ਕੀ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਜਮ੍ਹਾਂਕਰਤਾਵਾਂ ਨੂੰ ਨਾਮਜ਼ਦਗੀ ਦੀ ਸੁਵਿਧਾ ਉਪਲਬਧ ਹੈ?

ਉ. ਹਾਂ, ਗ਼ੈਰ ਬੈਂਕਿੰਗ ਕੰਪਨੀਆਂ ਦੇ ਜਮ੍ਹਾਂਕਰਤਾਵਾਂ ਨੂੰ ਨਾਮਜ਼ਦਗੀ ਦੀ ਸੁਵਿਧਾ ਉਪਲਬਧ ਹੈ - ਨਾਮਜ਼ਦਗੀ ਦੀ ਸੁਵਿਧਾ ਦੇ ਨਿਯਮ ਭਾਰਤੀ ਰਿਜ਼ਰਵ ਬੈਂਕ ਅਧਿਨਿਯਮ, 1934 ਦੀ ਧਾਰਾ 45 ਕਯੂ.ਬੀ. ਵਿਚ ਦਿੱਤੇ ਗਏ ਹਨ - ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਨੂੰ ਬੈਂਕਕਾਰੀ ਵਿਨਿਯਮਨ ਅਧਿਨਿਯਮ, 1949 ਦੀ ਧਾਰਾ 45 ਜ਼ੈਡ.ਏ. ਦੇ ਅੰਤਰਗਤ ਬਣਾਏ ਗਏ ਬੈਂਕਿੰਗ ਕੰਪਨੀਆਂ (ਨਾਮਜ਼ਦਗੀ) ਨਿਯਮ, 1985 ਅਪਣਾਉਣ ਨੂੰ ਕਿਹਾ ਗਿਆ ਹੈ - ਉਸ ਅਨੁਸਾਰ, ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਜਮ੍ਹਾਂਕਰਤਾ/ਕਰਤਾਵਾਂ ਨੂੰ ਇਕ ਵਿਅਕਤੀ ਨੂੰ ਨਾਮਜ਼ਦ ਕਰਨ ਦੀ ਪ੍ਰਵਾਨਗੀ

ਦਿੱਤੀ ਗਈ ਹੈ, ਜਿਸ ਨੂੰ ਜਮ੍ਹਾਂਕਰਤਾ/ਵਾਂ ਦੀ ਮੌਤ ਹੋ ਜਾਣ ਦੀ ਸੂਰਤ ਵਿਚ ਗ਼ੈਰ ਬੈਂਕਿੰਗ ਕੰਪਨੀ ਜਮ੍ਹਾਂ ਰਾਸ਼ੀ ਵਾਪਸ ਕਰ ਸਕੇ - ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਹ ਉਕਤ ਨਿਯਮਾਂ ਵਿਚ ਦਰਸਾਏ ਅਨੁਸਾਰ ਫ਼ਾਰਮ ਡੀ.ਏ. 1 ਵਿਚ ਜਮ੍ਹਾਂਕਰਤਾਵਾਂ ਵਲੋਂ ਕੀਤੀ ਗਈ ਨਾਮਜ਼ਦਗੀ ਸਵੀਕਾਰ ਕਰਨ ਅਤੇ ਇਸੇ ਤਰ੍ਹਾਂ ਨਾਮਜ਼ਦਗੀ ਰੱਦ ਕੀਤੇ ਜਾਣ ਲਈ ਫ਼ਾਰਮ ਡੀ.ਏ. 2 ਅਤੇ ਨਾਮਜ਼ਦਗੀ ਵਿਚ ਪਰਿਵਰਤਨ ਕੀਤੇ ਜਾਣ ਲਈ ਫ਼ਾਰਮ ਡੀ.ਏ. 3 ਦਾ ਇਸਤੇਮਾਲ ਕਰਨ।

ਪ੍. 14 ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਕੋਲ ਧਨ ਜਮ੍ਹਾਂ ਕਰਦੇ ਸਮੇਂ ਜਮ੍ਹਾਂਕਰਤਾ ਨੂੰ ਕਿੰਨਾਂ ਹੋਰ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਉ. ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਕੋਲ ਜਮ੍ਹਾਂ ਰਾਸ਼ੀਆਂ ਰੱਖਣ ਸਮੇਂ ਹੇਠ-ਲਿਖੇ ਪਹਿਲੂਆਂ ਨੂੰ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ -

(ਜ) ਜਨਤਾ ਦੀਆਂ ਸਾਰੀਆਂ ਜਮ੍ਹਾਂ ਰਾਸ਼ੀਆਂ ਬਿਨਾਂ ਜ਼ਮਾਨਤ ਹਨ -

(ਜਜ) ਉਚਿਤ ਜਮ੍ਹਾਂ ਰਸੀਦ ਦੇ ਲਈ ਬੇਨਤੀ ਕਰੋ, ਜਿਸ ਵਿਚ ਜਮ੍ਹਾਂਕਰਤਾ/ਵਾਂ ਦੇ ਨਾਮ ਤੋਂ ਇਲਾਵਾ, ਰਕਮ ਜਮ੍ਹਾਂ ਕਰਵਾਉਣ ਦੀ ਮਿਤੀ, ਸ਼ਬਦਾਂ ਅਤੇ ਅੰਕਾਂ ਵਿਚ ਰਕਮ, ਦਿੱਤੇ ਜਾਣ ਵਾਲੇ ਵਿਆਜ ਦੀ ਦਰ ਅਤੇ ਪੂਰਣ ਹੋਣ ਦੀ ਮਿਤੀ ਦਾ ਵਰਣਨ ਹੋਵੇ - ਜਮ੍ਹਾਂ ਰਸੀਦ ਤੇ ਕੰਪਨੀ ਵਲੋਂ ਇਸ ਸਬੰਧੀ ਅਧਿਕਾਰਤ ਅਧਿਕਾਰੀ ਦੇ ਵਿਧੀ ਪੂਰਵਕ ਹਸਤਾਖ਼ਰ ਕੀਤੇ ਜਾਣੇ ਚਾਹੀਦੇ ਹਨ -

(ਜਜਜ) ਕੰਪਨੀ ਦੀ ਵਿੱਤੀ ਹਾਲਤ ਦੀ ਮੌਜੂਦਾ ਸਥਿਤੀ ਜਾਂ ਕੰਪਨੀ ਵਲੋਂ ਦਿੱਤੇ ਗਏ ਕਿਸੀ ਵਿਵਰਣ ਜਾਂ ਕੀਤੇ ਗਏ ਪ੍ਰੇਸ਼ਣਾਂ (ਰਿਪ੍ਰਜ਼ੈਂਟੇਸ਼ਨਜ਼) ਜਾਂ ਦਰਸਾਈ ਰਾਏ ਸਹੀ ਹੋਣ ਅਤੇ ਕੰਪਨੀ ਵਲੋਂ ਜਮ੍ਹਾਂ ਰਾਸ਼ੀਆਂ ਦੀ ਅਦਾਇਗੀ/ਭਾਰ ਮੁਕਤ ਕਰਨ ਸਬੰਧੀ ਭਾਰਤੀ ਰਿਜ਼ਰਵ ਬੈਂਕ ਕੋਈ ਜ਼ਿੰਮੇਵਾਰੀ ਜਾਂ ਗਰੰਟੀ ਸਵੀਕਾਰ ਨਹੀਂ ਕਰਦਾ ਹੈ।

ਪ੍. 15 ਇਹ ਸੁਣਿਆ ਜਾਂਦਾ ਹੈ ਕਿ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਤੋਂ ਪਹਿਲਾਂ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਲਈ ਸਾਖ਼ ਨਿਰਧਾਰਣ ਪ੍ਰਾਪਤ ਕਰਨਾ ਜ਼ਰੂਰੀ ਹੈ? ਕੀ ਇਹ ਗੱਲ ਸਹੀ ਹੈ? ਉਨ੍ਹਾਂ ਦੀ ਸਾਖ਼ ਕੌਣ ਨਿਰਧਾਰਣ ਕਰਦਾ ਹੈ ?

ਉ. ਕੁਝ ਉਪਕਰਣ ਪੱਟੇਦਾਰੀ/ਕਿਰਾਇਆ ਖ਼ਰੀਦ ਕੰਪਨੀਆਂ ਨੂੰ ਛੱਡ ਕੇ, ਬਿਨਾਂ ਸਾਖ਼ ਨਿਰਧਾਰਣ ਵਾਲੀ ਕੋਈ ਵੀ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਨਹੀਂ ਕਰ ਸਕਦੀ - ਇਕ ਅਪਵਾਦ ਦੇ ਰੂਪ ਵਿਚ ਉਹ ਉਪਕਰਣ ਪੱਟੇਦਾਰੀ/ਕਿਰਾਇਆ ਖ਼ਰੀਦ ਕੰਪਨੀਆਂ, ਜਿਨ੍ਹਾਂ ਦਾ ਖ਼ਤਰਾ ਪ੍ਰਵਾਨਤ ਪਰਿਸੰਪੱਤੀਆਂ ਦਾ ਪੂੰਜੀ ਅਨੁਪਾਤ 15 ਪ੍ਰਤੀਸ਼ਤ ਹੋਵੇ, ਹੋਰ ਸ਼ਰਤਾਂ ਦੇ ਅਧੀਨ ਰਹਿੰਦੇ ਅਤੇ

ਸਾਖ਼ ਦਰ ਨਿਰਧਾਰਣ ਪ੍ਰਾਪਤ ਕੀਤੇ ਬਗ਼ੈਰ ਕੁਲ ਸਵੈਅਧਿਕ੍ਰਿਤ ਨਿੱਧੀਆਂ ਦਾ 1.5 ਗੁਣਾਂ ਜਾਂ 10 ਕਰੋੜ ਰੁਪਏ, ਇਸ ਵਿਚੋਂ ਜੋ ਵੀ ਘੱਟ ਹੋਵੇ, ਜਨਤਾ ਤੋਂ ਜਮ੍ਹਾਂ ਰਾਸ਼ੀ ਦੇ ਰੂਪ ਵਿਚ ਸਵੀਕਾਰ ਕਰ ਸਕਦੀਆਂ ਹਨ - ਕੋਈ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਕ੍ਰਿਸਿਲ, ਕੇਅਰ, ਆਈਕਰਾ ਅਤੇ ਫਿਚ ਰੇਟਿੰਗਜ਼ ਇੰਡੀਆ ਪ੍ਰਾਈ. ਲਿਮ. ਨਾਂ ਦੀ ਕਿਸੀ ਵੀ ਕੰਪਨੀ ਤੋਂ ਆਪਣਾ ਸਾਖ਼ ਨਿਰਧਾਰਣ (ਕ੍ਰੈਡਿਟ ਰੇਟਿੰਗ) ਕਰਵਾ ਸਕਦੀ ਹੈ ।

ਪ੍ਰ. 16 ਵਖ ਵਖ ਕੰਪਨੀਆਂ ਦੇ ਲਈ ਘਟੋ ਘਟ ਨਿਵੇਸ਼ ਸ੍ਰੇਣੀ/ਨਿਰਧਾਰਣ ਦੇ ਪ੍ਰਤੀਕ ਕੀ ਹਨ ?

ੳ. ਸਾਖ਼ ਨਿਰਧਾਰਣ ਏਜੰਸੀਆਂ ਦੀ ਘਟੋ ਘਟ ਨਿਵੇਸ਼ ਸ੍ਰੇਣੀ ਦਰਾਂ ਇਸ ਪ੍ਰਕਾਰ ਹਨ :

| **ਸਾਖ਼ ਨਿਰਧਾਰਣ ਕਰਨ ਵਾਲੀ ਏਜੰਸੀ ਦਾ ਨਾਂ** | **ਘਟੋ ਘਟ ਨਿਵੇਸ਼ ਸ੍ਰੇਣੀ ਸਾਖ਼ ਨਿਰਧਾਰਣ ਦਾ ਪੱਧਰ** |
|---|---|
| ਕ੍ਰਿਸਿਲ | ਐਫ.ਏ.-(ਐਫ.ਏ. ਮਾਈਨਸ) |
| ਆਈਸੀਆਰਏ | ਐਮਏ -(ਐਮਏ ਮਾਈਨਸ) |
| ਕੇਅਰ | ਕੇਅਰ ਬੀਬੀਬੀ(ਐਫਡੀ) |
| ਫਿਚ ਰੇਟਿੰਗ ਇੰਡੀਆ ਪ੍ਰਾ.ਲਿਮ. | ਟੀਏ - (ਆਈਐਨਡੀ)(ਐਫਡੀ) |

ਇਹ ਵੀ ਦਸਣਯੋਗ ਹੈ ਕਿ ਏ-, ਏ ਦੇ ਬਰਾਬਰ ਨਹੀਂ ਹੈ, ਏਏ -, ਏਏ ਦੇ ਬਰਾਬਰ ਨਹੀਂ ਹੈ ਅਤੇ ਏਏਏ -, ਏਏਏ ਦੇ ਬਰਾਬਰ ਨਹੀਂ ਹੈ ।

ਪ੍ਰ. 17 ਕੀ ਕੋਈ ਗ਼ੈਰ ਬੈਂਕਿੰਗ ਵਿੱਤੀ ਕੰਪਨੀ, ਜਿਸ ਦਾ ਸਾਖ਼ ਨਿਰਧਾਰਣ ਹੁਣੇ ਨਾ ਹੋਇਆ ਹੋਵੇ, ਜਨਤਾ ਤੋਂ ਜਮ੍ਹਾਂ ਰਾਸ਼ੀਆਂ ਲੈ ਸਕਦੀ ਹੈ ?

ੳ. ਕੋਈ ਉਪਕਰਣ ਪੱਟੇਦਾਰੀ/ਕਿਰਾਇਆ ਖ਼ਰੀਦ ਕੰਪਨੀ ਹੀ ਜੋ ਵਿਵੇਕਪੂਰਣ ਮਾਪਦੰਡਾਂ ਦਾ ਪਾਲਣ ਕਰ ਰਹੀ ਹੋਵੇ ਅਤੇ ਜਿਸ ਦੀ ਖ਼ਤਰਾ ਅਧਾਰਤ ਪਰਿਸੰਪੱਤੀਆਂ ਦੀ ਤੁਲਨਾ ਵਿਚ ਪੂੰਜੀ ਅਨੁਪਾਤ 15 ਪ੍ਰਤੀਸ਼ਤ ਹੋਵੇ, ਸਾਖ਼ ਨਿਰਧਾਰਣ ਪ੍ਰਾਪਤ ਕੀਤੇ ਬਿਨਾਂ ਵੀ ਕੁਲ ਸਵੈ-ਅਧਿਕ੍ਰਿਤ ਨਿੱਧੀ ਦਾ 1.5 ਗੁਣਾਂ ਜਾਂ 10ਕਰੋੜ ਰੁਪਏ ਵਿਚੋਂ ਜੋ ਵੀ ਘੱਟ ਹੋਵੇ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰ ਸਕਦੀਆਂ ਹਨ ।

ਪ੍ਰ.18 ਜਦੋਂ ਕਿਸੀ ਕੰਪਨੀ ਦਾ ਸਾਖ਼ ਨਿਰਧਾਰਣ ਪੱਧਰ ਹੇਠ੍ਹਾਂ ਚਲਿਆ ਜਾਂਦਾ ਹੈ ਤਾਂ ਕੀ ਉਸ ਨੂੰ ਆਪਣੀ ਜਨਤਾ ਦੀਆਂ ਜਮ੍ਹਾਂ ਰਾਸ਼ੀਆਂ ਦਾ ਪੱਧਰ ਤੁਰੰਤ ਘਟਾਉਣਾ ਪੈਂਦਾ ਹੈ ਜਾਂ ਕੁਝ ਸਮੇਂ ਸੀਮਾ ਦੇ ਅੰਦਰ ਅੰਦਰ ?

ਉ. ਜੇਕਰ ਕਿਸੀ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਦੇ ਸਾਖ਼ ਨਿਰਧਾਰਣ ਦਾ ਪੱਧਰ ਘਟ ਤੋਂ ਘਟ ਨਿਵੇਸ਼ ਪੱਧਰ ਤੋਂ ਘਟਾਇਆ ਜਾਂਦਾ ਹੈ ਤਾਂ ਉਸ ਨੂੰ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਤੇ ਰੋਕ ਲਗਾਉਣੀ ਪਵੇਗੀ ਅਤੇ 15 ਕਾਰਜਕਾਰੀ ਦਿਨਾਂ ਵਿਚ ਭਾਰਤੀ ਰਿਜ਼ਰਵ ਬੈਂਕ ਨੂੰ ਸਥਿਤੀ ਦੀ ਸੂਚਨਾ ਦੇਣੀ ਹੋਵੇਗੀ ਅਤੇ ਜਨਤਾ ਦੀਆਂ ਜਮ੍ਹਾਂ ਰਾਸ਼ੀਆਂ ਦੀ ਉਕਤ ਵੱਧੀ ਹੋਈ ਰਾਸ਼ੀ ਨੂੰ ਉਕਤ ਸਾਖ਼ ਨਿਰਧਾਰਣ ਦਾ ਪੱਧਰ ਘੱਟ ਕੀਤੇ ਜਾਣ ਤੋਂ ਤਿੰਨ ਸਾਲਾਂ ਦੇ ਅੰਦਰ ਸਿਫ਼ਰ ਪੱਧਰ ਤੇ ਜਾਂ ਗ਼ੈਰ ਬੈਂਕਿੰਗ ਵਿੱਤੀ ਕੰਪਨੀ - ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰਨ (ਰਿਜ਼ਰਵ ਬੈਂਕ) ਨਿਦੇਸ਼,1998 ਦੇ ਪੈਰ੍ਹਾ 4(4) ਦੇ ਅੰਤਰਗਤ ਸਮੁੱਚੀ ਪ੍ਰਵਾਨਤ ਸੀਮਾ ਤੱਕ ਲਿਆਉਣਾ ਹੋਵੇਗਾ ਤਾਂ ਜੋ ਅਜਿਹੀਆਂ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਉਪਰ ਦਰਸਾਈਆਂ ਚੁਕੌਤੀ ਦੀਆਂ ਸ਼ਰਤਾਂ ਦਾ ਅਨੁਪਾਲਣ ਕਰਨ ਦੀ ਸ਼ਰਤ ਅਤੇ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਸਵੀਕਾਰ ਕਰਨ ਸਬੰਧੀ ਹੋਰ ਸ਼ਰਤਾਂ ਦੇ ਅਨੁਪਾਲਣ ਤੇ ਮਿਆਦ ਪੂਰਣ ਜਮ੍ਹਾਂ ਰਾਸ਼ੀਆਂ ਨੂੰ ਨਵਿਆ ਸਕਦੀ ਹੈ ।

ਪ੍ਰ. 19 ਜੇਕਰ ਕੋਈ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਜਮ੍ਹਾਂ ਰਾਸ਼ੀਆਂ ਨੂੰ ਚੁਕਾਉਣ ਵਿਚ ਅਣਗਹਿਲੀ ਕਰਦੀ ਹੈ ਤਾਂ ਜਮ੍ਹਾਂਕਰਤਾ ਕੀ ਕਾਰਵਾਈ ਕਰ ਸਕਦੇ ਹਨ ?

ਉ. ਜੇਕਰ ਕੋਈ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਜਮ੍ਹਾਂ ਰਾਸ਼ੀਆਂ ਨੂੰ ਮੋੜਨ ਵਿਚ ਅਣਗਹਿਲੀ ਕਰਦੀ ਹੈ ਤਾਂ ਜਮ੍ਹਾਂਕਰਤਾ, ਕੰਪਨੀ ਲਾਅ ਬੋਰਡ ਜਾਂ ਉਪਭੋਗਤਾ ਮੰਚ ਵਿਚ ਜਾ ਸਕਦਾ ਹੈ ਜਾਂ ਜਮ੍ਹਾਂ ਰਾਸ਼ੀਆਂ ਦੀ ਵਸੂਲੀ ਲਈ ਦੀਵਾਨੀ ਮੁਕੱਦਮਾ ਦਾਇਰ ਕਰ ਸਕਦਾ ਹੈ ।

ਪ੍ਰ. 20 ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਕੰਪਨੀ ਲਾਅ ਬੋਰਡ ਦੀ ਕੀ ਭੂਮਿਕਾ ਹੈ? ਉਥੇ ਕਿਵੇਂ ਸੰਪਰਕ ਕੀਤਾ ਜਾ ਸਕਦਾ ਹੈ ?

ਉ. ਜਦੋਂ ਕੋਈ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਕਿਸੀ ਜਮ੍ਹਾਂ ਰਾਸ਼ੀ ਦਾ ਜਾਂ ਉਸ ਦੇ ਕਿਸੀ ਭਾਗ ਦਾ ਭੁਗਤਾਨ ਅਜਿਹੀ ਜਮ੍ਹਾਂ ਰਾਸ਼ੀ ਤੇ ਲਾਗੂ ਸ਼ਰਤਾਂ ਅਨੁਸਾਰ ਕਰਨ ਵਿਚ ਅਸਫ਼ਲ ਰਹਿੰਦੀ ਹੈ ਤਾਂ ਕੰਪਨੀ ਲਾਅ ਬੋਰਡ ਖੁਦ ਜਾਂ ਜਮ੍ਹਾਂਕਰਤਾ ਦੀ ਪ੍ਰਤੀਬੇਨਤੀ ਤੇ, ਆਦੇਸ਼ ਜਾਰੀ ਕਰਕੇ, ਗ਼ੈਰ ਬੈਂਕਿੰਗ ਵਿੱਤੀ ਕੰਪਨੀ ਨੂੰ ਅਜਿਹੀ ਜਮ੍ਹਾਂ ਰਾਸ਼ੀ ਜਾਂ ਉਸ ਦੇ ਭਾਗ ਦੀ ਤੁਰੰਤ ਜਾਂ ਅਜਿਹੇ ਕਿਸੇ ਸਮੇਂ ਦੇ ਵਿਚ ਵਿਚ ਅਤੇ ਆਦੇਸ਼ ਵਿਚ ਦਸੀਆਂ ਸ਼ਰਤਾਂ ਦੇ ਅਧੀਨ ਭੁਗਤਾਨ ਕਰਨ ਦੇ ਆਦੇਸ਼ ਦੇ ਸਕਦਾ ਹੈ ।

ਜਿਵੇਂਕਿ ਉਪਰ ਕਿਹਾ ਗਿਆ ਹੈ, ਜਮ੍ਹਾਂਕਰਤਾ ਪ੍ਰਦੇਸ਼ਕ ਖੇਤਰ ਅਧਿਕਾਰ ਦੇ ਅਨੁਸਾਰ ਕੰਪਨੀ ਲਾਅ ਬੋਰਡ ਦੇ ਉਚਿਤ ਬੈਂਚ ਨੂੰ ਨਿਰਧਾਰਤ ਫ਼ੀਸ ਦੇ ਨਾਲ ਨਿਰਧਾਰਤ ਫ਼ਾਰਮ ਵਿਚ ਪ੍ਰਤੀਬੇਨਤੀ ਭੇਜਕੇ ਸੰਪਰਕ ਕਰ ਸਕਦਾ ਹੈ ।

ਪ੍ਰ. 21 ਕੀ ਤੁਸੀਂ ਸਾਨੂੰ ਕੰਪਨੀ ਲਾਅ ਬੋਰਡ (ਸੀ ਐਲ ਬੀ) ਦੀਆਂ ਵਖ ਵਖ ਪੀਠਾਂ ਦੇ ਪਤੇ, ਉਨ੍ਹਾਂ ਨਾਲ ਸਬੰਧਤ ਖੇਤਰੀ ਅਧਿਕਾਰਾਂ ਦਾ ਵਰਣਨ ਕਰਦੇ ਹੋਏ ਉਪਲਬਧ ਕਰਵਾ ਸਕਦੇ ਹੋ?

ੳ. ਕੰਪਨੀ ਲਾਅ ਬੋਰਡ (ਸੀ.ਐਲ.ਬੀ.) ਦੇ ਪੀਠਾਂ ਤੇ ਨਿਯੁਕਤ ਅਧਿਕਾਰੀਆਂ ਦੇ ਪਤੇ ਅਤੇ ਉਕਤ ਪੀਠਾਂ ਤੇ ਨਿਯੁਕਤ ਅਧਿਕਾਰੀਆਂ ਦੇ ਪ੍ਰਦੇਸ਼ਕ ਖੇਤਰੀ ਅਧਿਕਾਰਾਂ ਦਾ ਵੇਰਵਾ ਹੇਠ-ਲਿਖੇ ਅਨੁਸਾਰ ਹੈ:

| ਲੜੀ ਨੰ: | ਪਤਾ | ਪ੍ਰਦੇਸ਼ਕ ਖੇਤਰੀ ਅਧਿਕਾਰ |
|---|---|---|
| 1. | ਪੀਠ ਤੇ ਨਿਯੁਕਤ ਅਧਿਕਾਰੀ, ਕੰਪਨੀ ਲਾਅ ਬੋਰਡ ਉਤਰੀ ਖੇਤਰ ਪੀਠ, ਸ਼ਾਸਤਰੀ ਭਵਨ, ਏ. ਵਿੰਗ, ਪੰਜਵੀਂ ਮੰਜ਼ਿਲ, ਡਾ. ਰਾਜਿੰਦਰ ਪ੍ਰਸਾਦ ਮਾਰਗ, ਨਵੀਂ ਦਿੱਲੀ-110001 | ਉਤਰ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਪੰਜਾਬ, ਹਿਮਾਚਲ ਪ੍ਰਦੇਸ਼, ਰਾਜਸਥਾਨ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਸੰਘ ਰਾਜ ਖੇਤਰ |
| 2. | ਪੀਠ ਤੇ ਨਿਯੁਕਤ ਅਧਿਕਾਰੀ, ਕੰਪਨੀ ਲਾਅ ਬੋਰਡ ਦੱਖਣੀ ਖੇਤਰ ਪੀਠ, ਸ਼ਾਸਤਰੀ ਭਵਨ, ਏ. ਵਿੰਗ, ਪੰਜਵੀਂ ਮੰਜ਼ਿਲ, ਬਲਾਕ-8, ਨੰ: 26, ਹਡੋਜ਼ ਮਾਰਗ, ਚੇਨੰਈ-600 006 | ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕੇਰਲ, ਕਰਨਾਟਕ, ਅਮੀਨਦੀਵੀ, ਮਿਨੀਕੋਏ ਅਤੇ ਲਕਸ਼ਦੀਪ ਸਮੂਹ ਅਤੇ ਪਾਂਡੀਚਰੀ ਸੰਘ ਰਾਜ ਖੇਤਰ |
| | ਪੀਠ ਤੇ ਨਿਯੁਕਤ ਅਧਿਕਾਰੀ, ਕੰਪਨੀ ਲਾਅ ਬੋਰਡ ਪੱਛਮੀਂ ਖੇਤਰ ਪੀਠ, ਦੂਜੀ ਮੰਜ਼ਿਲ, ਐਨ.ਟੀ.ਸੀ. ਹਾਊਸ, 15, ਨਰੋਤਮ ਮੁਰਾਰਜੀ ਮਾਰਗ, ਬੇਲਾਰਡ ਸਟੇਟ, ਮੁੰਬਈ-400038 | ਮਹਾਰਾਸ਼ਟਰ, ਗੁਜ਼ਰਾਤ, ਮੱਧ ਪ੍ਰਦੇਸ, ਗੋਆ ਅਤੇ ਦਾਦਰਾ ਅਤੇ ਨਗਰ ਹਵੇਲੀ, ਦਮਨ ਅਤੇ ਦੀਵ ਸੰਘ ਰਾਜ ਖੇਤਰ |

| | | |
|---|---|---|
| 4. | ਪੀਠ ਤੇ ਨਿਯੁਕਤ ਅਧਿਕਾਰੀ, ਕੰਪਨੀ ਲਾਅ ਬੋਰਡ ਪੂਰਬੀ ਖੇਤਰ ਪੀਠ, 9, ਪੁਰਾਣਾ ਡਾਕਘਰ ਮਾਰਗ, ਛੇਵੀਂ ਮੰਜ਼ਿਲ, ਕੋਲਕਾਤਾ-700 001 | ਪੱਛਮੀ ਬੰਗਾਲ, ਉੜੀਸਾ, ਬਿਹਾਰ, ਤ੍ਰਿਪੁਰਾ, ਮਣੀਪੁਰ, ਨਾਗਾਲੈਂਡ, ਮੇਘਾਲਿਆ, ਅਰੁਣਾਂਚਲ ਪ੍ਰਦੇਸ਼, ਮਿਜ਼ੋਰਮ ਅਤੇ ਅੰਡਮਾਨ ਅਤੇ ਨੀਕੋਬਾਰ ਦੀਪ ਸਮੂਹ ਸੰਘ ਰਾਜ ਖੇਤਰ |
| 5. | ਪੀਠ ਤੇ ਨਿਯੁਕਤ ਅਧਿਕਾਰੀ, ਕੰਪਨੀ ਲਾਅ ਬੋਰਡ ਪ੍ਰਮੁੱਖ ਪੀਠ, ਸ਼ਾਸਤਰੀ ਭਵਨ, ਏ. ਵਿੰਗ, ਪੰਜਵੀਂ ਮੰਜ਼ਿਲ, ਡਾ. ਰਾਜਿੰਦਰ ਪ੍ਰਸਾਦ ਮਾਰਗ, ਨਵੀਂ ਦਿੱਲੀ-110001 | ਸੰਪੂਰਣ ਭਾਰਤ ਦੇ ਸਾਰੇ ਪ੍ਰਮੁੱਖ ਪੀਠ ਮਾਮਲੇ |

ਪ੍ਰ. 22 ਅਸੀਂ ਸੁਣਿਆ ਹੈ ਕਿ ਕਈ ਮਾਮਲਿਆਂ ਵਿਚ ਭੁੱਲ ਕਰਨ ਵਾਲੀਆਂ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਦੇ ਸਬੰਧ ਵਿਚ ਪ੍ਰਸ਼ਾਸਕੀ ਸਮਾਪਕ ਦੀ ਨਿਯੁਕਤੀ ਕੀਤੀ ਗਈ ਹੈ- ਉਸ ਦੀ ਕੀ ਭੂਮਿਕਾ ਹੈ ਅਤੇ ਕੋਈ ਵਿਅਕਤੀ ਉਸ ਨਾਲ ਕਿਵੇਂ ਸੰਪਰਕ ਕਰ ਸਕਦਾ ਹੈ?

ਉ. ਸਮਾਪਨ ਬੇਨਤੀ ਵਿਚ ਕੰਪਨੀ ਨੂੰ ਸੁਣਵਾਈ ਦਾ ਪੂਰਾ ਮੌਕਾ ਦੇਣ ਤੋਂ ਬਾਅਦ ਅਦਾਲਤ ਦੁਆਰਾ ਪ੍ਰਸ਼ਾਸਕੀ ਸਮਾਪਕ ਦੀ ਨਿਯੁਕਤੀ ਕੀਤੀ ਜਾਂਦੀ ਹੈ। ਸਮਾਪਕ, ਸਮਾਪਨ ਦੀ ਕਾਰਵਾਈ ਕਰਦਾ ਹੈ ਅਤੇ ਇਸ ਸਬੰਧ ਵਿਚ ਅਦਾਲਤ ਦੁਆਰਾ ਸੌਂਪੀਆਂ ਗਈਆਂ ਜ਼ੁੰਮੇਵਾਰੀਆਂ ਦਾ ਪਾਲਣ ਕਰਦਾ ਹੈ - ਜਦੋਂ ਅਦਾਲਤ ਦੁਆਰਾ ਪ੍ਰਸ਼ਾਸਕੀ ਸਮਾਪਕ ਜਾਂ ਅੰਤਰਿਮ ਸਮਾਪਕ ਦੀ ਨਿਯੁਕਤੀ ਕੀਤੀ ਜਾਂਦੀ ਹੈ ਤਾਂ ਸਮਾਪਕ ਕੰਪਨੀ ਦੀ ਸੰਪੱਤੀਆਂ ਦਾ ਨਿਗਰਾਨ ਬਣ ਜਾਂਦਾ ਹੈ ਅਤੇ ਉਹ ਕੰਪਨੀ ਦੇ ਰੋਜ਼ਾਨਾ ਕੰਮਕਾਰ ਦਾ ਸੰਚਾਲਣ ਕਰਦਾ ਹੈ। ਉਸ ਨੂੰ ਨਿਰਧਾਰਿਤ ਪ੍ਰੋਫ਼ਾਰਮੇ ਵਿਚ ਕੰਪਨੀ ਦੀ ਵਸਤੂ ਸਥਿਤੀ ਦਾ ਵੇਰਵਾ ਤਿਆਰ ਕਰਨਾ ਹੁੰਦਾ ਹੈ, ਜਿਸ ਵਿਚ ਕੰਪਨੀ ਦੀ ਪਰਿਸੰਪੱਤੀਆਂ ਦਾ ਵੇਰਵਾ, ਉਸ ਦੇ ਕਰਜ਼ਿਆਂ ਅਤੇ ਦੇਣਦਾਰੀਆਂ ਅਤੇ ਉਸ ਦੇ ਉਧਾਰਕਰਤਾਵਾਂ(ਲੈਣਦਾਰਾਂ) ਦੇ ਨਾਂ/ਪਤੇ/ਕਾਰੋਬਾਰ, ਕੰਪਨੀ ਦੀਆਂ ਲੈਣਦਾਰੀਆਂ ਅਤੇ ਇਸੀ ਪ੍ਰਕਾਰ ਦੀਆਂ ਹੋਰ ਸੂਚਨਾਵਾਂ ਦਾ, ਜੋ ਨਿਰਧਾਰਿਤ ਕੀਤੀਆਂ ਜਾਣ, ਦਾ ਵਰਣਨ ਹੁੰਦਾ ਹੈ। ਸਮਾਪਕ ਦੁਆਰਾ ਯੋਜਨਾ ਬਣਾਈ ਜਾਂਦੀ ਹੈ ਅਤੇ ਇਸ ਨੂੰ ਅਦਾਲਤ

ਦੀ ਪ੍ਰਵਾਨਗੀ ਹਿਤ ਪੇਸ਼ ਕੀਤਾ ਜਾਂਦਾ ਹੈ। ਸਮਾਪਕ ਕੰਪਨੀ ਦੀ ਪਰਿਸੰਪੱਤੀਆਂ ਦੀ ਉਗਰਾਹੀ ਕਰਦਾ ਹੈ ਅਤੇ ਅਦਾਲਤ ਦੁਆਰਾ ਪ੍ਰਵਾਨਤ ਯੋਜਨਾ ਦੇ ਅਨੁਸਾਰ ਲੈਣਦਾਰਾਂ ਲਈ ਭੁਗਤਾਨ ਦੀ ਵਿਵਸਥਾ ਕਰਦਾ ਹੈ- ਸਮਾਪਕ ਆਮ ਤੌਰ ਤੇ ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ ਜਾਰੀ ਕਰਕੇ ਜਮ੍ਹਾਂਕਰਤਾਵਾਂ/ਨਿਵੇਸ਼ਕਾਂ ਦੇ ਦਾਅਵਿਆਂ ਦੀ ਮੰਗ ਕਰਦਾ ਹੈ। ਇਸ ਲਈ ਨਿਵੇਸ਼ਕਾਂ/ਜਮ੍ਹਾਂਕਰਤਾਵਾਂ ਨੂੰ, ਸਮਾਪਕ ਦੀ ਇਸ ਪ੍ਰਕਾਰ ਦੀਆਂ ਸੂਚਨਾਵਾਂ ਦੇ ਅਨੁਸਾਰ ਮਿੱਥੇ ਸਮੇਂ ਵਿਚ ਆਪਣੇ ਦਾਅਵੇ ਪੇਸ਼ ਕਰਨੇ ਚਾਹੀਦੇ ਹਨ। ਭਾਰਤੀ ਰਿਜ਼ਰਵ ਬੈਂਕ ਵੀ ਜਮ੍ਹਾਂਕਰਤਾਵਾਂ ਨੂੰ ਪ੍ਰਸ਼ਾਸਕੀ ਸਮਾਪਕਾਂ ਦੇ ਪਤੇ ਉਪਲਬਧ ਕਰਵਾਉਣ ਵਿਚ ਸਹਾਇਤਾ ਪ੍ਰਦਾਨ ਕਰਦਾ ਹੈ।

ਪ੍ਰ. 23 ਜਮ੍ਹਾਂਕਰਤਾਵਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਉਪਭੋਗਤਾ ਅਦਾਲਤ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਕੀ ਕੋਈ ਉਪਭੋਗਤਾ ਮੰਚ, ਸਿਵਲ ਅਦਾਲਤ, ਕੰਪਨੀ ਲਾਅ ਬੋਰਡ ਵਿਚ ਇਕੋ ਸਮੇਂ ਜਾ ਸਕਦਾ ਹੈ/ਮਾਮਲਾ ਕਰਦਾ ਕਰ ਸਕਦਾ ਹੈ?

ਉ. ਹਾਂ ਜਮ੍ਹਕਰਤਾ ਕਿਸੀ ਇਕ ਜਾਂ ਸਾਰੇ ਨਿਵਾਰਣ ਅਧਿਕਾਰੀਆਂ ਅਤੇ ਉਪਭੋਗਤਾ ਮੰਚ ਅਦਾਲਤ ਜਾਂ ਕੰਪਨੀ ਲਾਅ ਬੋਰਡ ਨਾਲ ਸੰਪਰਕ ਕਰ ਸਕਦਾ ਹੈ।

ਪ੍ਰ. 24 ਕੀ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਖਿਲਾਫ਼ ਸ਼ਿਕਾਇਤਾਂ ਦੀ ਸੁਣਵਾਈ ਦੇ ਲਈ ਕੋਈ ਲੋਕਪਾਲ ਹੁੰਦਾ ਹੈ?

ਉ. ਨਹੀਂ, ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਦੇ ਖ਼ਿਲਾਫ਼ ਸ਼ਿਕਾਇਤਾਂ ਦੀ ਸੁਣਵਾਈ ਦੇ ਲਈ ਕੋਈ ਲੋਕਪਾਲ ਨਹੀਂ ਹੈ।

ਪ੍ਰ. 25 ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਤੇ ਲਾਗੂ ਵਖ ਵਖ ਵਿਵੇਕਪੂਰਣ ਵਿਨਿਯਮ ਕੀ ਹਨ?

ਉ. ਰਿਜ਼ਰਵ ਬੈਂਕ ਨੇ ਗ਼ੈਰ ਬੈਂਕਿੰਗ ਵਿੱਤੀ ਕੰਪਨੀ ਵਿਵੇਕਪੂਰਣ ਮਾਨਦੰਡ(ਰਿਜ਼ਰਵ ਬੈਂਕ) ਨਿਦੇਸ਼, 1998 ਰਾਹੀਂ ਵਿਵੇਕਪੂਰਣ ਮਾਨਦੰਡਾਂ ਦੇ ਸਬੰਧ ਵਿਚ ਵਿਸਥਾਰਪੂਰਵਕ ਹਦਾਇਤਾਂ ਜਾਰੀ ਕੀਤੀਆਂ ਹਨ। ਹੋਰ ਗੱਲਾਂ ਦੇ ਨਾਲ ਨਾਲ ਇਨ੍ਹਾਂ ਹਦਾਇਤਾਂ ਵਿਚ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਤੇ ਲਾਗੂ ਆਮਦਨ ਨਿਰਧਾਰਣ, ਪਰਿਸੰਪੱਤੀਆਂ ਦੇ ਵਰਗੀਕਰਨ ਅਤੇ ਪ੍ਰਾਵਧਾਨੀਕਰਨ ਦੀਆਂ ਜ਼ਰੂਰਤਾਂ, ਖ਼ਤਰਾ ਮਾਨਦੰਡ, ਲੇਖਾ ਪੜਤਾਲ ਕਮੇਟੀ ਦੇ ਗਠਨ, ਤੁਲਨਾ ਪੱਤਰ ਵਿਚ ਕੀਤੇ ਜਾਣ ਵਾਲੇ ਖੁਲਾਸੇ/ਦੇ ਪ੍ਰਗਟੀਕਰਨ, ਪੂੰਜੀ ਉਪਯੁਕਤਤਾ ਸਬੰਧੀ ਜ਼ਰੂਰਤ, ਜ਼ਮੀਨ ਅਤੇ ਇਮਾਰਤਾਂ ਅਤੇ ਅਣਸੂਚੀਬੱਧ ਸ਼ੇਅਰਾਂ ਵਿਚ ਨਿਵੇਸ਼ਾਂ ਤੇ ਪ੍ਰਤੀਬੰਧ ਦੇ ਸਬੰਧ ਵਿਚ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ।

ਪ੍ਰ.26